This Question Paper consists of 11 questions and 16 printed pages.

ਇਸ ਪ੍ਰਸ਼ਨ ਪੱਤਰ ਵਿੱਚ 11 ਸੁਆਲ ਹਨ ਅਤੇ 16 ਛੱਪੇ ਹੋਏ ਪੰਨੇ ਹਨ ।

Roll No.
ਰੋਲ ਨੰਬਰ :

Code No. 69/S/A/P
ਕੋਡ ਨੰ.

Set / ਸੈਟ - A

# PUNJABI
## (ਪੰਜਾਬੀ)
## (210)

Day and Date of Examination
(ਪਰਿਖਿਆ ਦਾ ਦਿਨ ਅਤੇ ਮਿਤੀ) ______

Signature of Invivilators
(ਨਿਰੀਖਕਾਂ ਦੇ ਦਸਖ਼ਤ) 1. ______

2. ______

### ਆਮ ਹਿਦਾਇਤਾਂ :-

1 ਸਾਰੇ ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ ਪੱਤਰ ਵਿੱਚ ਹਨ ।

2 ਪ੍ਰਸ਼ਨ ਪੱਤਰ ਨੂੰ ਪੜ੍ਹਨ ਲਈ **15** ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ **02.15** ਤੇ ਦਿੱਤਾ ਜਾਵੇਗਾ । **02.15** ਤੋਂ **02.30** ਦਾ ਸਮਾਂ ਪ੍ਰਸ਼ਨ ਪੱਤਰ ਪੜ੍ਹਨ ਲਈ ਹੈ । ਇਸ ਦੋਰਾਨ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖੇਗਾ ।

3 ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ ।

4 ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁੱਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁੱਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ । ਇਹ ਵੀ ਦੇਖ ਲਓ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ ।

5 ਵਸਤੁਨਿਸ਼ਠ ਸੁਵਾਲਾਂ ਵਿੱਚ ਆਪਣੇ ਪ੍ਰਸ਼ਨ ਪੱਤਰ ਵਿੱਚ ਦਿੱਤੇ ਵਿਕਲਪਾਂ (A), (B), (C) ਅਤੇ (D) ਵਿਚੋਂ ਕੋਈ ਇੱਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿੱਚ ਲਿਖਣਾ ਹੈ । ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ ।

6 ਉੱਤਰ ਕਾਪੀ ਵਿੱਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਤੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੇਗਾ ।

7 ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. **69/S/A/P**, **Set / ਸੈਟ** - A ਉੱਤਰ ਕਾਪੀ ਵਿੱਚ ਲਿਖੋ ।



Unnati Educations
9899436384, 9654279279

# PUNJABI

## (ਪੰਜਾਬੀ)

## (210)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

---

**ਆਮ ਨਿਰਦੇਸ਼ -**

(i) ਹੇਠ ਲਿਖੇ ਨਿਰਦੇਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ ।

(ii) **ਸਾਰੇ** ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ । ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ ।

(iii) ਉੱਤਰ ਨੂੰ ਧਿਆਨ ਨਾਲ ਲਿਖਿਆ / ਉੱਤਰ-ਸ਼ੀਟ'ਤੇ ਦਰਜ਼ ਕੀਤਾ ਜਾਵੇ ।

---

**1 ਪੁੱਛੇ ਗਏ ਅਨੁਸਾਰ 14 ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕੋਈ 13 ਪ੍ਰਸ਼ਨਾਂ ਦੇ ਉੱਤਰ ਲਿਖੋ : 1×13=13**

(i) ਜਿਨ੍ਹਾਂ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦਾ ਗਿਆਨ ਹੋਵੇ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ ?

(A) ਵਸਤੂਵਾਚਕ ਨਾਂਵ (B) ਇੱਕਠਵਾਚਕ ਨਾਂਵ

(C) ਖਾਸ ਨਾਂਵ (D) ਭਾਵਵਾਚਕ ਨਾਂਵ

(ii) 'ਹਿਮਾਲਾ' 'ਅਮਰ' ਅਤੇ 'ਦਿੱਲੀ' ਸ਼ਬਦ ਨਾਂਵ ਦੀ ਕਿਸ ਕਿਸਮ ਦੇ ਉਦਾਹਰਨ ਹਨ ?

(A) ਭਾਵਵਾਚਕ ਨਾਂਵ (B) ਖਾਸ ਨਾਂਵ

(C) ਆਮ ਨਾਂਵ (D) ਇੱਕਠਵਾਚਕ ਨਾਂਵ

(iii) '<u>ਕਵੀ</u> ਤੇ ________ ਅੱਜ ਕਵਿਤਾ-ਪਾਠ ਕਰਨਗੇ ।'

ਲਕੀਰੇ ਸ਼ਬਦ ਦਾ ਲਿੰਗ ਬਦਲ ਕੇ ਖਾਲੀ ਥਾਂ ਭਰਨ ਲਈ ਸਹੀ ਵਿਕਲਪ ਚੁਣੋ -

(A) ਕਾਵਿ (B) ਕਵਿੱਤਰੀ

(C) ਲੇਖਕਾ (D) ਕਵੀਆਣੀ



Unnati Educations
9899436384, 9654279279

(iv) 'ਸਹੁਰਾ' ਸ਼ਬਦ ਦਾ ਇਸਤਰੀਲਿੰਗ ਹੈ -

(A) ਮਾਂ (B) ਨੂੰਹ

(C) ਸੱਸ (D) ਧੀ

(v) '________ ਕਬੱਡੀ ਖੇਡ ਰਹੇ ਹਨ ।' ਵਾਕ ਵਿੱਚਲੀ ਖਾਲੀ ਥਾਂ ਭਰਨ ਲਈ ਸਹੀ ਵਿਕਲਪ ਚੁਣੋ -

(A) ਮੁੰਡਾ (B) ਮੁੰਡੇ

(C) ਖਿਡਾਰੀਆਂ (D) ਕੁੜੀਆਂ

(vi) 'ਸਾਵਣ ਵਿੱਚ ________ ਨੱਚਦੇ ਹਨ ।' ਵਾਕ ਵਿੱਚਲੀ ਖਾਲੀ ਥਾਂ ਭਰਨ ਲਈ ਸਹੀ ਵਿਕਲਪ ਚੁਣੋ -

(A) ਮੋਰਨੀਆਂ (B) ਮੋਰਨੀ

(C) ਮੋਰਾਂ (D) ਮੋਰ

(vii) 'ਪਰ', 'ਉੱਤੇ' ਕਿਹੜੇ ਕਾਰਕ ਦੇ ਚਿੰਨ੍ਹ ਹਨ ?

(A) ਅਧਿਕਰਨ ਕਾਰਕ (B) ਸੰਬੋਧਨ ਕਾਰਕ

(C) ਸੰਬੰਧ ਕਾਰਕ (D) ਕਰਨ ਕਾਰਕ

(viii) ਜਿਸ ਨਾਂਵ ਜਾਂ ਪੜਨਾਂਵ ਦਾ ਕਿਸੇ ਦੂਸਰੇ ਨਾਂਵ ਜਾਂ ਪੜਨਾਂਵ ਨਾਲ ਸੰਬੰਧ ਹੋਵੇ, ਉਸਨੂੰ ਕੀ ਕਿਹਾ ਜਾਂਦਾ ਹੈ ?

(A) ਸੰਪਰਦਾਨ ਕਾਰਕ (B) ਅਪਾਦਾਨ ਕਾਰਕ

(C) ਸੰਬੰਧ ਕਾਰਕ (D) ਸੰਬੋਧਨ ਕਾਰਕ

(ix) ਪੂਰਨ ਸੰਬੰਧਕ ਚੁਣੋ -

(A) ਕੋਲ / ਨਾਲ / ਬਗ਼ੈਰ (B) ਦੇ / ਨੂੰ / ਤੇ / ਪਰ

(C) ਬਾਹਰੋਂ ਤੋਂ / ਬਾਹਰ ਉੱਤੋਂ (D) ਨੇੜੇ / ਸਾਹਮਣੇ / ਕੋਲ



Unnati Educations
9899436384, 9654279279

(x) 'ਮੰਗਤੇ ਨੂੰ ਰੋਟੀ ਦਿਉ ।' ਵਾਕ ਵਿੱਚ ਸੰਬੰਧਕ ਦੀ ਕਿਹੜੀ ਕਿਸਮ ਹੈ ?

(A) ਦੁਬਾਜਰਾ ਸੰਬੰਧਕ (B) ਅਪੂਰਨ ਸੰਬੰਧਕ

(C) ਪੂਰਨ ਸੰਬੰਧਕ (D) ਤੀਹਰਾ ਸੰਬੰਧਕ

(xi) 'ਖੁਸ਼' ਅਗੇਤਰ ਨਾਲ ਬਣੇ ਹੋਏ ਸਹੀ ਸ਼ਬਦ-ਸਮੂਹ ਦੀ ਚੋਣ ਕਰੋ -

(A) ਖੁਸ਼ੀ, ਖੁਸ਼ਹਾਲ (B) ਖੁਸ਼ਨਸੀਬ, ਖੁਸ਼ੀ

(C) ਦਿਲਖੁਸ਼, ਖੁਸ਼ਕਿਸਮਤ (D) ਖੁਸ਼ਕਿਸਮਤ, ਖੁਸ਼ਹਾਲ

(xii) 'ਹਾਰ' ਪਿਛੇਤਰ ਨਾਲ ਬਣਿਆ ਸ਼ਬਦ ਚੁਣੋ -

(A) ਹਾਰਸ਼ਿੰਗਾਰ (B) ਘੁਮਿਆਰ

(C) ਹੋਣਹਾਰ (D) ਕੰਮਕਾਰ

(xiii) 'ਤਕੜਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ -

(A) ਡਾਢਾ (B) ਤਾਕਤਵਰ

(C) ਮਾੜਾ (D) ਬਲਵਾਨ

(xiv) 'ਉੱਤਰ' ਸ਼ਬਦ ਦੇ ਬਹੁਅਰਥਕ ਲਈ ਸਹੀ ਸ਼ਬਦ-ਸਮੂਹ ਚੁਣੋ -

(A) ਦਿਸ਼ਾ, ਪੁੱਠੀ (B) ਜਵਾਬ, ਦਿਸ਼ਾ

(C) ਉਤਰਨਾ, ਪੁੱਠੀ (D) ਜਵਾਬ, ਪੁੱਠੀ



Unnati Educations
9899436384, 9654279279

**2 ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :** **1×8=8**

(i) ਫ਼ਰੀਦ ਜੀ ਮਨੁੱਖ ਨੂੰ ਕਿਹੋ ਜਿਹੀ ਸਿੱਖਿਆ ਦਿੰਦੇ ਹਨ ?

(A) ਕਿਤਾਬੀ (B) ਸੰਸਾਰਕ

(C) ਲੌਕਿਕ (D) ਨੈਤਿਕ

(ii) 'ਫਰੀਦਾ ਕਾਲੇ ਮੈਂਡੇ ਕਪੜੇ .............' ਸਲੋਕ ਵਿੱਚ ਬਾਬਾ ਫਰੀਦ ਜੀ ਨੇ ਕਿਸ ਉੱਤੇ ਵਿਅੰਗ ਕੀਤਾ ਹੈ ?

(A) ਕਾਲੇ ਰੰਗ ਉੱਤੇ (B) ਦਰਵੇਸ ਉੱਤੇ

(C) ਪਖੰਡ ਭਰੀ ਫ਼ਕੀਰੀ ਉੱਤੇ (D) ਸੱਚੇ-ਸੁੱਚੇ ਮਨੁੱਖ'ਤੇ

(iii) ਬੁਲ੍ਹੇਸ਼ਾਹ ਅਨੁਸਾਰ ਮਨੁੱਖ ਦੇ ਆਤਮਕ-ਵਿਕਾਸ ਵਿੱਚ ਸੱਭ ਤੋਂ ਵੱਡੀ ਰੁਕਾਵਟ ਕੀ ਹੈ ?

(A) ਹੰਕਾਰ (B) ਸ਼ੈਅ

(C) ਪਿਆਰ (D) ਜਗਤ

(iv) ਸੰਸਾਰਕ ਨਾਸ਼ਮਾਨਤਾ ਦੇ ਭੇਦ ਨੂੰ ਸਮਝਾਉਂਦਿਆਂ ਹੋਇਆਂ ਬੁਲ੍ਹੇਸ਼ਾਹ ਨੇ ਕੀ ਉਪਦੇਸ਼ ਦਿੱਤਾ ?

(A) ਆਲਸੀ ਹੋਣ ਦਾ (B) ਹੰਕਾਰ ਤੋਂ ਮੁਕਤ ਹੋਣ ਦਾ

(C) ਅਮੀਰ ਹੋਣ ਦਾ (D) ਸੰਸਾਰਕ ਵਸਤਾਂ ਭੋਗ ਕਰਨ ਦਾ



**Unnati Educations**
**9899436384, 9654279279**

(v) 'ਸਿੰਮਲ ਰੁਖ ਸਰਾਇਰਾ' ਰਚਨਾ ਕਿਸਦੀ ਲਿਖੀ ਹੋਈ ਹੈ ?

(A) ਸ਼ੇਖ ਫ਼ਰੀਦ (B) ਬੁਲ੍ਹੇਸ਼ਾਹ

(C) ਗੁਰੂ ਨਾਨਕ ਦੇਵ ਜੀ (D) ਵਾਰਿਸਸ਼ਾਹ

(vi) ਗੁਰੂ ਨਾਨਕ ਦੇਵ ਜੀ ਅਨੁਸਾਰ ਨੀਵੇਂ ਹੋਣ ਦਾ ਕੀ ਅਰਥ ਹੈ ?

(A) ਸਰੀਰਕ ਤੌਰ ਤੇ ਝੁਕਣਾ (B) ਹੰਕਾਰੀ ਹੋਣਾ

(C) ਨਿਮਰਤਾ ਨਾਲ ਝੁਕਣਾ (D) ਘਮੰਡੀ ਹੋਣਾ

(vii) 'ਹੀਰ ਆਖਦੀ ਜੋਗੀਆ ਝੂਠ ਆਖੇ ...............' ਕਾਵਿ-ਬੰਦ'ਚੋਂ ਹੀਰ ਦੀ ਕਿਸ ਤਰ੍ਹਾਂ ਦੀ ਮਾਨਸਿਕ ਅਵਸਥਾ ਉਭਰਦੀ ਹੈ ?

(A) ਹੈਰਾਨੀ (B) ਖੁਸ਼ੀ ਵਾਲੀ

(C) ਵਿਯੋਗ ਵਾਲੀ (D) ਆਨੰਦਮਈ

(viii) ਕਵਿਤਾ 'ਜੰਗ ਸਿੰਘਾਂ ਤੇ ਫਿਰੰਗੀਆਂ' ਵਿੱਚ ਕਵੀ ਨੇ 'ਸਰਕਾਰ' ਸ਼ਬਦ ਦੀ ਵਰਤੋਂ ਕਿਸ ਲਈ ਕੀਤੀ ਹੈ ?

(A) ਅੰਗਰੇਜ਼ ਸਰਕਾਰ ਲਈ (B) ਮਹਾਰਾਜਾ ਰਣਜੀਤ ਸਿੰਘ ਲਈ

(C) ਮੁਗਲ ਹਾਕਮ ਲਈ (D) ਜਰਨੈਲ ਲਈ



Unnati Educations
9899436384, 9654279279

3 ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : 1×7=7

(i) 'ਘਰ ਦੇ ਪਿਆਰ' ਲੇਖ ਅਨੁਸਾਰ ਬੀਬੀ ਜੀ ਦੇ ਗੁੱਸੇ ਅਤੇ ਝੱਲਪੁਣੇ ਦਾ ਕੀ ਕਾਰਨ ਲੱਭਿਆ ?

(A) ਨੌਕਰੀ ਨਹੀਂ ਸੀ (B) ਗੁਆਂਢੀ ਨਾਲ ਲੜਾਈ

(C) ਭੁੱਖ ਲੱਗੀ ਸੀ (D) ਘਰ ਦੇ ਪਿਆਰ ਦੀ ਘਾਟ

(ii) ਘਰ ਦੇ ਕਮਰਿਆਂ ਦੀ ਕੀ ਹੋਣੀ ਚਾਹੀਦੀ ਹੈ ?

'ਵਾਤਾਵਰਨ ਵਿੱਚ ਸੁੰਦਰਤਾ' ਲੇਖ ਦੇ ਆਧਾਰ'ਤੇ ਦੱਸੋ ।

(A) ਗੰਦਗੀ (B) ਵੱਖਰੀ ਨੁਹਾਰ

(C) ਸ਼ਖ਼ਸੀਅਤ (D) ਸਫ਼ਾਈ

(iii) ਲੇਖਕ ਪ੍ਰਿ. ਤੇਜਾ ਸਿੰਘ ਅਨੁਸਾਰ, ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜਨ ਨੂੰ ਜੀਅ ਕਰਦਾ ਹੈ ?

(A) ਹੋਸਟਲ (B) ਹੋਟਲ

(C) ਮੋਟਲ (D) ਘਰ

(iv) 'ਘਰ ਦਾ ਪਿਆਰ' ਲੇਖ ਅਨੁਸਾਰ 'ਸਮਾਜ ਵਿੱਚ ਦੁਰਾਚਾਰੀ ਦਾ ਕਾਰਨ ਉਹ ਤੱਤ ਹਨ ਜਿਨ੍ਹਾਂ ਨੂੰ ________ ਨਹੀਂ ਮਿਲਿਆ ।' ਵਾਕ ਵਿਚਲੀ ਖਾਲੀ ਥਾਂ ਲਈ ਸਹੀ ਵਿਕਲਪ ਚੁਣੋ -

(A) ਪੈਸਾ (B) ਘਰ ਦਾ ਪਿਆਰ

(C) ਸਕੂਲ (D) ਕਾਲਜ



Unnati Educations
9899436384, 9654279279

(v) ਜਿਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਦਾ, ਉਨ੍ਹਾਂ ਦਾ ਸੁਭਾਅ ਹੁੰਦਾ ਹੈ :-

(A) ਪਿਆਰ ਵਾਲਾ (B) ਸੁੱਤੇ ਰਹਿਣ ਵਾਲਾ

(C) ਹਾਸੇ ਵਾਲਾ (D) ਗੁੱਸੇ ਵਾਲਾ

(vi) 'ਵਾਤਾਵਰਨ ਵਿੱਚ ਸੁੰਦਰਤਾ' ਪਾਠ ਅਨੁਸਾਰ 'ਸਿਹਨ' ਸ਼ਬਦ ਦਾ ਕੀ ਅਰਥ ਹੈ ?

(A) ਵੱਡਾ ਕਮਰਾ (B) ਰਸੋਈ

(C) ਛੋਟਾ ਕਮਰਾ (D) ਵਿਹੜਾ

(vii) 'ਵਾਤਾਵਰਨ ਵਿੱਚ ਸੁੰਦਰਤਾ' ਲੇਖ ਅਨੁਸਾਰ ਸੁਨਹਿਰੀ ਭਾਅ ਰੱਥਣ ਵਾਲਾ ਪੰਛੀ ਕਿੱਥੇ ਆ ਬੈਠਦਾ ਹੈ ?

(A) ਰੂੜੀ ਦੇ ਗੰਦੇ ਢੇਰ ਉੱਤੇ (B) ਬਾਰੀ ਉੱਤੇ

(C) ਰੁੱਖ ਦੀ ਟਹਿਣੀ ਉੱਤੇ (D) ਪਹਾੜੀ ਉੱਤੇ

**4 ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :** **1×6=6**

(i) 'ਸਵਰਗ ਦੀ ਝਲਕ' ਕਹਾਣੀ ਵਿੱਚ ਸ਼ਰਨਾਰਥੀ ਕਾਮਾ ਕੌਣ ਸੀ ?

(A) ਦੁਕਾਨਦਾਰ (B) ਰਿਕਸ਼ੇਵਾਲਾ

(C) ਲੇਖਕ (D) ਕਾਲਜ ਦਾ ਮੁੰਡਾ



Unnati Educations
9899436384, 9654279279

(ii) ਲੇਖਕ ਨੇ ਤਰਸ ਖਾ ਕੇ ਰਿਕਸ਼ੇਵਾਲੇ ਨੂੰ ਕਿੰਨੇ ਪੈਸੇ ਦੇਣੇ ਚਾਹੇ ?

(A) ਅੱਠ ਆਨੇ (B) ਚਾਰ ਆਨੇ

(C) ਬਾਰ੍ਹਾਂ ਆਨੇ (D) ਦੁਆਨੀ

(iii) ਹੁਣ ਰਿਕਸ਼ੇਵਾਲੇ ਦੇ ਪਰਿਵਾਰ ਵਿੱਚ ਹੋਰ ਕੌਣ-ਕੌਣ ਸੀ ?

(A) ਮਾਂ ਅਤੇ ਭੈਣ (B) ਭੈਣ ਅਤੇ ਭਰਾ

(C) ਭੈਣ (D) ਮਾਂ

(iv) 'ਸਾਂਝ' ਕਹਾਣੀ ਅਨੁਸਾਰ ਅਫ਼ਸੋਸ ਕਰਨ ਵੇਲੇ ਦੋਹਾਂ ਢਾਣੀਆਂ ਵਿੱਚ ਕਿਹੜੀ ਸਾਂਝ ਸੀ ?

(A) ਰੋਟੀ ਦੀ (B) ਦੁੱਧ ਦੀ

(C) ਕੰਮ ਦੀ (D) ਅਹੁਦੇ ਦੀ

(v) ਲੇਖਕ ਦੀ ਗੁਆਂਢਣ ਸਰਦਾਰ ਦੀ ਕੋਠੀ'ਚ ਕੀ ਕਰਨ ਜਾਂਦੀ ਸੀ ?

(A) ਸਫ਼ਾਈ ਕਰਨ (B) ਗੱਪਾਂ ਮਾਰਨ

(C) ਭਾਂਡੇ ਮਾਂਜਣ (D) ਬੱਚੇ ਨੂੰ ਪੜ੍ਹਾਂਉਣ

(vi) 'ਸਾਂਝ' ਕਹਾਣੀ ਵਿੱਚ ਆਏ ਸ਼ਬਦ 'ਮੁਜ਼ਾਰੇ' ਤੋਂ ਕੀ ਭਾਵ ਹੈ ?

(A) ਵਪਾਰੀ (B) ਗੁਆਂਢੀ

(C) ਲਾਗਲੇ ਪਿੰਡ ਦੇ (D) ਖੇਤਾਂ ਵਿੱਚ ਕੰਮ ਕਰਨ ਵਾਲੇ ਲੋਕ


Unnati Educations
9899436384, 9654279279

5 ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : 1×4=4

(i) 'ਕਿਹੜੇ ਲਫ਼ਜ਼ਾਂ ਨਾਲ ਮੈਂ ਆਪ ਕੋਲੋਂ ਮੁਆਫ਼ੀ ਮੰਗਾਂ, ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾਂ ਆਂ ।'

ਇਹ ਸ਼ਬਦ ਕਿਸਨੇ ਕਿਸਨੂੰ ਕਹੇ ?

(A) ਬਸੰਤਰਾਮ ਨੇ ਮੋਟਰਵਾਲੇ ਨੂੰ (B) ਮੋਟਰਵਾਲੇ ਨੇ ਮੈਨੇਜਰ ਨੂੰ

(C) ਬਸੰਤਰਾਮ ਨੇ ਮੈਨੇਜਰ ਨੂੰ (D) ਮੈਨੇਜਰ ਨੇ ਮੋਟਰਵਾਲੇ ਨੂੰ

(ii) ਬਤਰਾ ਸਾਹਿਬ ਦੀ ਮੋਟਰ ਮੁਰੰਮਤ ਦਾ ਕਿੰਨੇ ਰੁਪਏ ਦਾ ਬਿਲ ਬੀਮਾ ਕੰਪਨੀ ਨੂੰ ਵਰਕਸ਼ਾਪ ਦੇ ਮੈਨੇਜਰ ਨੇ ਦਿੱਤਾ ਸੀ ?

(A) 549 ਰੁਪਏ (B) 539 ਰੁਪਏ

(C) 639 ਰੁਪਏ (D) 649 ਰੁਪਏ

(iii) 'ਬੇਈਮਾਨ' ਇਕਾਂਗੀ ਵਿੱਚ 'ਰਾਇ ਸਾਹਿਬ ਜਵਾਲਾ ਦਾਸ' ਕਿਸ ਦਾ ਨਾਂ ਹੈ ?

(A) ਮੈਨੇਜਰ ਦਾ (B) ਮਿਸਤਰੀ ਦਾ

(C) ਮੋਟਰਵਾਲੇ ਦਾ (D) ਇੰਸਪੈਕਟਰ ਦਾ

(iv) ਇਸ ਇਕਾਂਗੀ ਵਿੱਚ ਹਾਲਾਤ ਦਾ ਸ਼ਿਕਾਰ ਕਿਹੜਾ ਪਾਤਰ ਹੈ ?

(A) ਹਰਬੰਸ (B) ਬਸੰਤਰਾਮ

(C) ਮੈਨੇਜਰ (D) ਮੋਟਰਵਾਲਾ



Unnati Educations
9899436384, 9654279279

6 **ਹੇਠ ਦਿੱਤੇ ਅਣਡਿੱਠੇ ਪੈਰਿਆਂ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ :**

**1. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :-** **1×6=6**

ਸਫ਼ਾਈ ਦਾ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ। ਇਹ ਸਿਰਫ਼ ਸਰੀਰਕ ਸਫ਼ਾਈ ਤੱਕ ਸੀਮਿਤ ਨਹੀਂ ਹੈ, ਸਗੋਂ ਘਰ, ਆਸ-ਪਾਸ ਦੇ ਵਾਤਾਵਰਨ ਅਤੇ ਆਤਮਿਕ ਸੁੱਚਜੇਪਣ ਲਈ ਵੀ ਜ਼ਰੂਰੀ ਹੈ। ਸਫ਼ਾਈ ਸਿਹਤਮੰਦ ਜੀਵਨ ਜਿਉਣ ਲਈ ਮੂਲ ਆਧਾਰ ਹੈ। ਗੰਦੇ ਵਾਤਾਵਰਨ ਕਾਰਨ ਅਨੇਕਾਂ ਬੀਮਾਰੀਆਂ ਜਨਮ ਲੈਂਦੀਆਂ ਹਨ, ਜਿਵੇਂ ਕੀ ਡੇਂਗੂ, ਮਲੇਰੀਆ, ਹੈਪਾਟਾਈਟਿਸ ਆਦਿ। ਸਾਫ਼-ਸੁਥਰਾ ਮਾਹੌਲ ਸਿਰਫ਼ ਸਿਹਤ ਹੀ ਨਹੀਂ, ਸਗੋਂ ਮਨ ਦੀ ਸ਼ਾਂਤੀ ਅਤੇ ਸਮਾਜ ਵਿੱਚ ਸੁਧਾਰ ਦਾ ਕਾਰਕ ਬਣਦਾ ਹੈ। ਸਫ਼ਾਈ ਸਿਰਫ ਵਿਅਕਤੀਗਤ ਨਹੀਂ ਸਗੋਂ ਸਮਾਜਕ ਜ਼ਿੰਮੇਵਾਰੀ ਵੀ ਹੈ। ਸਫ਼ਾਈ ਲਈ 'ਸਵੱਛ ਭਾਰਤ ਅਭਿਆਨ' ਜਿਹੇ ਯਤਨ ਇੱਕ ਸਫਲ ਉਦਾਹਰਨ ਹਨ। ਸਫ਼ਾਈ ਸਾਡੇ ਸਵੱਛ ਸੁੰਦਰ ਭਵਿੱਖ ਦੀ ਨੀਂਹ ਹੈ। ਇਸ ਲਈ ਹਰ ਕਿਸੇ ਨੂੰ ਸਫ਼ਾਈ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਸਫ਼ਾਈ ਨੂੰ ਆਪਣੀ ਦਿਨਚਰੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਹ ਸਿਰਫ਼ ਸਾਨੂੰ ਹੀ ਨਹੀਂ ਬਲਕਿ ਆਉਣ ਵਾਲੀਆਂ ਪੀੜੀਆਂ ਨੂੰ ਵੀ ਸਿਹਤਮੰਦ ਜੀਵਨ ਦੇਣ ਵਿੱਚ ਸਹਾਇਕ ਹੈ।

(i) ਸਫ਼ਾਈ ਦਾ ਸੰਬੰਧ ਕਿਸ ਨਾਲ ਹੁੰਦਾ ਹੈ ?

(A) ਸਿਰਫ਼ ਦਿਖਾਵੇ ਨਾਲ (B) ਸਿਹਤ ਅਤੇ ਸੁੱਚਜੇਪਣ ਨਾਲ

(C) ਪੈਸੇ ਨਾਲ (D) ਆਲਸ ਨਾਲ

(ii) ਸਫ਼ਾਈ ਨਾਲ ਕਿਹੜੀਆਂ ਬਿਮਾਰੀਆਂ ਤੋਂ ਬਚਾਵ ਹੁੰਦਾ ਹੈ ?

(A) ਮਲੇਰੀਆ (B) ਡੇਂਗੂ

(C) ਹੈਪਾਟਾਈਟਿਸ (D) ਉਪਰੋਕਤ ਸਾਰੀਆਂ



Unnati Educations
9899436384, 9654279279

(iii) ਵਾਤਾਵਰਨ ਦੀ ਸਫ਼ਾਈ ਕਿਉਂ ਜ਼ਰੂਰੀ ਹੈ ?

(A) ਸਫ਼ਲ ਭਵਿੱਖ ਲਈ

(B) ਗੰਦਗੀ ਵਧਾਉਣ ਲਈ

(C) ਬਿਮਾਰੀਆਂ ਫੈਲਾਉਣ ਲਈ

(D) ਆਲਸ ਦੇ ਲਈ

(iv) 'ਸਵੱਛ ਭਾਰਤ ਅਭਿਆਨ' ਦਾ ਉਦੇਸ਼ ਕੀ ਹੈ ?

(A) ਸਿਰਫ਼ ਦਿਖਾਵਾ

(B) ਸਫ਼ਾਈ ਪ੍ਰਤੀ ਜਾਗਰੂਕਤਾ

(C) ਗੰਦਾ ਵਾਤਾਵਰਨ

(D) ਬੀਮਾਰੀਆਂ ਫੈਲਾਉਣਾ

(v) ਸਫ਼ਾਈ ਕਿਸਦੀ ਜ਼ਿੰਮੇਵਾਰੀ ਹੈ ?

(A) ਸਿਰਫ਼ ਪ੍ਰਸ਼ਾਸਨ ਦੀ

(B) ਸਿਰਫ਼ ਸਕੂਲ ਦੀ

(C) ਹਰ ਵਿਅਕਤੀ ਦੀ

(D) ਸਿਰਫ਼ ਪੜ੍ਹੇ-ਲਿਖੇ ਲੋਕਾਂ ਦੀ

(vi) ਸਫ਼ਾਈ ਨਾਲ ਕੀ ਪ੍ਰਭਾਵ ਪੈਂਦਾ ਹੈ ?

(A) ਮਨ ਦੀ ਸ਼ਾਂਤੀ

(B) ਬਿਮਾਰੀਆਂ ਦਾ ਖਤਰਾ

(C) ਕੂੜਾ ਇੱਕਠਾ ਹੋਣਾ

(D) ਗੰਦੇ ਪਾਣੀ ਦਾ ਵਧਣਾ



Unnati Educations
9899436384, 9654279279

2. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : 1×6=6

ਰੁੱਖ ਪ੍ਰਕ੍ਰਿਤੀ ਦਾ ਅਨਮੋਲ ਤੋਹਫ਼ਾ ਹਨ, ਜੋ ਸਾਡੇ ਜੀਵਨ ਲਈ ਬਹੁਤ ਮਹੱਤਵਪੂਰਨ ਹਨ । ਇਹ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ, ਜੋ ਜੀਵਨ ਦਾ ਆਧਾਰ ਹੈ । ਰੁੱਖ ਸਿਰਫ਼ ਮਨੁੱਖਾਂ ਨੂੰ ਹੀ ਨਹੀਂ ਸਗੋਂ ਪ੍ਰਾਣੀਆਂ, ਪੰਛੀਆਂ ਅਤੇ ਕੀਟਾਂ ਨੂੰ ਵੀ ਆਸਰਾ ਪ੍ਰਦਾਨ ਕਰਦੇ ਹਨ । ਇਹ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਉਂਦੇ ਹਨ । ਗਰਮੀ ਵਿੱਚ ਠੰਡਕ ਪ੍ਰਦਾਨ ਕਰਦੇ ਹਨ । ਮੌਸਮ ਨੂੰ ਸੰਤੁਲਿਤ ਰੱਖਣ ਵਿੱਚ ਰੁੱਖ ਮੁੱਖ ਭੂਮਿਕਾ ਨਿਭਾਉਂਦੇ ਹਨ । ਰੁੱਖਾਂ ਦੀ ਮਦਦ ਨਾਲ ਹਵਾ ਦੇ ਪ੍ਰਦੂਸ਼ਣ ਨੂੰ ਘਟਾਇਆ ਜਾ ਸਕਦਾ ਹੈ, ਜਲਵਾਯੂ ਨੂੰ ਸਮਰੱਥ ਬਣਾਇਆ ਜਾ ਸਕਦਾ ਹੈ ਅਤੇ ਮਿੱਟੀ ਦੇ ਕੱਟਾਵ ਨੂੰ ਰੋਕਿਆ ਜਾ ਸਕਦਾ ਹੈ । ਇਹ ਮਿੱਟੀ ਵਿੱਚ ਪਾਣੀ ਦੀ ਧਾਰ ਲਈ ਮਦਦਗਾਰ ਹੁੰਦੇ ਹਨ ਅਤੇ ਪਾਣੀ ਦੇ ਚੱਕਰ ਨੂੰ ਸੰਤੁਲਿਤ ਕਰਦੇ ਹਨ । ਰੁੱਖ ਫੱਲ, ਲੱਕੜ, ਦਵਾਈਆਂ ਅਤੇ ਹੋਰ ਬਹੁਤ ਸਾਰੇ ਲਾਭ ਪ੍ਰਦਾਨ ਕਰਦੇ ਹਨ । ਇਹ ਸਾਡੀ ਆਰਥਿਕਤਾ ਵਿੱਚ ਵੀ ਯੋਗਦਾਨ ਪਾਉਂਦੇ ਹਨ । ਹਾਲਾਂਕਿ ਵਾਤਾਵਰਨ ਦੇ ਖਰਾਬ ਹੋਣ ਦਾ ਮੁੱਖ ਕਾਰਨ ਰੁੱਖਾਂ ਦੀ ਅਤਿ ਕਟਾਈ ਹੈ । ਜੰਗਲਾਂ ਦੇ ਘੱਟਣ ਕਾਰਨ ਵਾਤਾਵਰਨ ਵਿੱਚ ਗਰਮੀ ਵੱਧ ਰਹੀ ਹੈ, ਪ੍ਰਦੂਸ਼ਣ ਵੱਧ ਰਿਹਾ ਹੈ ਅਤੇ ਜਲਵਾਯੂ ਪਰਿਵਰਤਨ ਹੋ ਰਿਹਾ ਹੈ । ਸਾਨੂੰ ਰੁੱਖਾਂ ਦੀ ਕਟਾਈ ਰੋਕਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ । ਰੁੱਖ ਨਾ ਸਿਰਫ਼ ਹਰੇਕ ਜੀਵਨ ਦੇ ਲਈ ਲਾਭਦਾਇਕ ਹਨ, ਸਗੋਂ ਧਰਤੀ ਦੀ ਸੁੰਦਰਤਾ ਦੇ ਬੀਜ ਵੀ ਹਨ । ਆਓ, ਰੁੱਖਾਂ ਦੀ ਰੱਖਿਆ ਕਰੀਏ, ਵਾਤਾਵਰਨ ਨੂੰ ਬਚਾਈਏ ।

(i) ਰੁੱਖ ਸਾਨੂੰ ਕੀ ਪ੍ਰਦਾਨ ਕਰਦੇ ਹਨ ?

(A) ਕਾਰਬਨ ਡਾਈਆਕਸਾਈਡ (B) ਆਕਸੀਜਨ

(C) ਧੂੜ (D) ਪ੍ਰਦੂਸ਼ਣ



Unnati Educations
9899436384, 9654279279

(ii) ਰੁੱਖਾਂ ਦੀ ਮੌਜੂਦਗੀ ਨਾਲ ਕੀ ਸੁਧਰਦਾ ਹੈ ?

(A) ਮੌਸਮ ਬਦਲ (B) ਪ੍ਰਦੂਸ਼ਣ

(C) ਵਾਤਾਵਰਨ ਦੀ ਗੁਣਵੱਤਾ (D) ਗਰਮੀ

(iii) ਰੁੱਖ ਕਿਉਂ ਮਹੱਤਵਪੂਰਨ ਹਨ ?

(A) ਹਵਾ ਦੀ ਸਫ਼ਾਈ ਨਾਲ

(B) ਮਿੱਟੀ ਦੇ ਕਟਾਵ ਨੂੰ ਰੋਕਣ ਲਈ

(C) ਜਲ ਚੱਕਰ ਨੂੰ ਸੰਤੁਲਿਤ ਕਰਨ ਲਈ

(D) ਉਪਰੋਕਤ ਸਾਰੀਆਂ

(iv) ਰੁੱਖਾਂ ਦੇ ਘੱਟਣ ਨਾਲ ਕੀ ਪ੍ਰਭਾਵ ਪੈਂਦਾ ਹੈ ?

(A) ਗਰਮੀ ਘਟਦੀ ਹੈ (B) ਪ੍ਰਦੂਸ਼ਣ ਵੱਧਦਾ ਹੈ

(C) ਜਲਵਾਯੂ ਸੁਧਰਦਾ ਹੈ (D) ਹਵਾ ਸਾਫ਼ ਹੁੰਦੀ ਹੈ

(v) ਰੁੱਖਾਂ ਦਾ ਪ੍ਰਧਾਨ ਕੰਮ ਕੀ ਹੈ ?

(A) ਹਵਾ ਪ੍ਰਦੂਸ਼ਿਤ ਕਰਨਾ (B) ਫੱਲ ਅਤੇ ਲੱਕੜ ਪ੍ਰਦਾਨ ਕਰਨਾ

(C) ਮਿੱਟੀ ਕੱਟਣੀ (D) ਜੰਗਲਾਂ ਨੂੰ ਘਟਾਉਣਾ

(vi) ਰੁੱਖਾਂ ਦੀ ਰੱਖਿਆ ਲਈ ਕੀ ਕਰਨ ਦੀ ਲੋੜ ਹੈ ?

(A) ਜੰਗਲਾਂ ਨੂੰ ਕੱਟਣਾ (B) ਰੁੱਖ ਲਗਾਉਣਾ

(C) ਪ੍ਰਦੂਸ਼ਣ ਵਧਾਉਣਾ (D) ਪਾਣੀ ਖਰਾਬ ਕਰਨਾ



Unnati Educations
9899436384, 9654279279

7 ਪੁੱਛੇ ਗਏ ਅਨੁਸਾਰ 15 ਪ੍ਰਸ਼ਨਾਂ ਵਿੱਚੋਂ ਕੋਈ 10 ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ : 2×10=20

(i) ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਖ਼ਰ ਹਨ ? ਨਾਂ ਦੱਸੋ ।

(ii) ਲਿਖਤੀ ਜਾਂ ਟਕਸਾਲੀ ਬੋਲੀ ਕਿਸਨੂੰ ਕਿਤਾ ਜਾਂਦਾ ਹੈ ?

(iii) ਸੰਖਿਆਵਾਚਕ ਵਿਸ਼ੇਸ਼ਣ ਕਿਸਨੂੰ ਆਖਦੇ ਹਨ ?

(iv) ਕਾਲਵਾਚਕ ਕਿਰਿਆ ਵਿਸ਼ੇਸ਼ਣ ਕਿਸਨੂੰ ਆਖਦੇ ਹਨ ?

(v) ਵਿਸਮਕ ਚਿੰਨ੍ਹ ਕਿਸਨੂੰ ਆਖਦੇ ਹਨ ? ਉਦਾਹਰਨ ਸਹਿਤ ਦੱਸੋ ।

(vi) 'ਇੱਕ ਪੰਥ ਦੋ ਕਾਜ' ਅਖਾਣ ਕਿਹੜੇ ਵਿਸ਼ੇਸ਼ ਮੌਕੇ'ਤੇ ਵਰਤਿਆ ਜਾਂਦਾ ਹੈ ?

(vii) 'ਸਮਾਂ' ਕਵਿਤਾ ਕਿਸ ਦੀ ਲਿਖੀ ਹੋਈ ਹੈ ? ਇਸ ਵਿੱਚ ਕਵੀ ਨੇ ਕਿਹੜੀਆਂ ਦੋ ਪਿਰਾਂ ਸਿਰਜੀਆਂ ਹਨ ?

(viii) ਕਵੀ ਨੂੰ ਕਿਹੜੇ ਰੁੱਖ ਆਪਣੇ ਬਾਬੇ ਵਰਗੇ ਜਾਪਦੇ ਹਨ ?

(ix) 'ਨਿੱਕੇ ਵੈਡੇ ਡਰ' ਕਵਿਤਾ ਵਿੱਚ ਪਿਉ ਆਪਣੀਆਂ ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ ?

(x) 'ਨਜ਼ਰ' ਕਵਿਤਾ ਅਨੁਸਾਰ ਮਿਰਚਾਂ ਦੀ ਪਹਿਲੀ ਫ਼ਸਲ ਲੱਗਣ ਦਾ ਕੀ ਕਾਰਨ ਸੀ ?

(xi) ਮਹਾਰਾਜਾ ਰਣਜੀਤ ਸਿੰਘ ਕਿਹੋ ਜਿਹੇ ਸੁਭਾਅ ਵਾਲੇ ਵਿਅਕਤੀ ਸਨ ?

(xii) ਭਗਤ ਸਿੰਘ ਦਾ ਜਨਮ ਕਿੱਥੇ ਹੋਇਆ ? ਉਨ੍ਹਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?

(xiii) ਸਕੂਲਾਂ ਵਿੱਚ ਕੰਪਿਊਟਰ ਦੀ ਵਰਤੋਂ ਕਿਵੇਂ ਕੀਤੀ ਜਾ ਰਹੀ ਹੈ ?

(xiv) ਜੀਤ ਦੀ ਤਨਖਾਹ ਕਿੰਨੀ ਸੀ ? ਅਤੇ ਉਸਦਾ ਪਹਿਰਾਵਾ ਕਿਹੋ ਜਿਹਾ ਸੀ ?

(xv) ਨੰਦੂ ਕਿਸ ਇਲਾਕੇ ਦਾ ਰਹਿਣ ਵਾਲਾ ਸੀ ? ਤੇ ਉਸਦੀਆਂ ਕਿੰਨੀਆਂ ਭੈਣਾਂ ਸਨ ?

8 ਪੁੱਛੇ ਗਏ ਅਨੁਸਾਰ 3 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ : 3×2=6

(i) 'ਕੁਝ ਰੁੱਖ ਮੇਰਾ ਦਿਲ ਕਰਦਾ ਏ,
ਮੋਢੇ ਚੁੱਕ ਖਿਡਾਵਾਂ,
ਕੁਝ ਰੁੱਖ ਮੇਰਾ ਦਿਲ ਕਰਦਾ ਏ,
ਚੁੰਮਾਂ ਤੇ ਮਰ ਜਾਵਾਂ'

ਇਹਨਾਂ ਕਾਵਿ-ਸਤਰਾਂ ਵਿੱਚ ਕਵੀ ਕੀ ਕਹਿ ਰਿਹਾ ਹੈ ?

(ii) ਵਿਸਰਾਮ ਚਿੰਨ੍ਹ ਕਿਸਨੂੰ ਆਖਦੇ ਹਨ ? ਇਸਦੇ ਕਿੰਨੇ ਭੇਦ ਹਨ ? ਨਾਂ ਵੀ ਦੱਸੋ ।

(iii) ਮਹਾਰਾਜਾ ਰਣਜੀਤ ਸਿੰਘ ਨੂੰ ਮਾਨਵਤਾ ਦਾ ਹਾਮੀ ਅਤੇ ਪੰਜਾਬ ਦਾ ਗੌਰਵ ਕਿਉਂ ਕਿਹਾ ਜਾਂਦਾ ਹੈ ?



Unnati Educations
9899436384, 9654279279

**9 ਪੁੱਛੇ ਗਏ ਅਨੁਸਾਰ 5 ਪ੍ਰਸ਼ਨਾਂ ਵਿੱਚੋਂ ਕੋਈ 3 ਪ੍ਰਸ਼ਨਾਂ ਦੇ ਉੱਤਰ 70-80 ਸ਼ਬਦਾਂ ਵਿੱਚ ਲਿਖੋ : 4×3=12**

(i) ਵਿਸ਼ੇਸ਼ਣ ਕਿਸਨੂੰ ਕਹਿੰਦੇ ਹਨ ? ਇਸਦੇ ਕਿੰਨੇ ਭੇਦ ਹਨ ? ਕੋਈ ਦੋ ਭੇਦਾਂ ਦੀ ਪਰਿਭਾਸ਼ਾ ਦੱਸੋ ।

(ii) ਕਵੀ ਭਾਈ ਵੀਰ ਸਿੰਘ ਦੀ ਭਾਸ਼ਾ-ਸ਼ੈਲੀ ਬਾਰੇ ਵਿਚਾਰ ਪੇਸ਼ ਕਰੋ ।

(iii) ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਦਾ ਭਗਤ ਸਿੰਘ ਦੇ ਜੀਵਨ' ਤੇ ਕੀ ਅਸਰ ਹੋਇਆ ?

(iv) ਇਕਾਂਗੀ 'ਬੇਈਮਾਨ' ਦੀ ਭਾਸ਼ਾ ਬਾਰੇ ਚਰਚਾ ਕਰੋ ।

(v) ਇਕਾਂਗੀ 'ਬੇਈਮਾਨ' ਦੇ ਪਾਤਰ 'ਵਰਕਸ਼ਾਪ ਦੇ ਮੈਨੇਜਰ' ਦੀ ਪਾਤਰ-ਉਸਾਰੀ ਕਰੋ ।

**10 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ : 6×1=6**

ਤੁਸੀਂ ਹੋਸਟਲ ਵਿੱਚ ਰਹਿੰਦੇ ਹੋ, ਆਪਣੇ ਚਾਚੇ ਦੀ ਧੀ ਨੂੰ ਚਿੱਠੀ ਲਿਖਕੇ ਹੋਸਟਲ ਦੇ ਜੀਵਨ ਦਾ ਵੇਰਵਾ ਦਿਉ।

**ਜਾਂ**

ਸ਼ਹਿਰ ਵਿੱਚ ਵੱਧ ਰਹੀ ਮੋਬਾਈਲ ਅਤੇ ਪਰਸਾਂ ਦੀ ਖੋਹਾ-ਖੁਆਹੀ (ਛੀਨਾ-ਝਪਟੀ) ਬਾਰੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ।

**11 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 125 ਤੋਂ 150 ਸ਼ਬਦਾਂ ਵਿੱਚ ਲੇਖ ਲਿਖੋ : 6×1=6**

ਪੁਸਤਕਾਂ ਦੀ ਦੁਨੀਆ

**ਜਾਂ**

ਮੇਰੇ ਜੀਵਨ ਦਾ ਉਦੇਸ਼



Unnati Educations
9899436384, 9654279279